# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 14-06-2024**

ਸਿੱਖਿਆ ਮੰਤਰਾਲੇ ਨੇ ਵਿਸ਼ੇਸ਼ ਜਰੂਰਤਾਂ ਵਾਲੇ ਸਾਰੇ ਬੱਚਿਆਂ ਲਈ ਲਾਜ਼ਮੀ ਸਿੱਖਿਆ ਦੇ ਅਧਿਕਾਰ ਨੂੰ ਯਕੀਨੀ ਬਣਾਉਣ ਅਤੇ ਅਤੇ ਪੀ.ਐਮ-ਪੋਸ਼ਨ ਤਹਿਤ ਮੁਫ਼ਤ ਪੋਸ਼ਣ ਸੰਬੰਧੀ ਸਹਾਇਤਾ ਪ੍ਰਦਾਨ ਕਰਨ ਨੂੰ ਯਕੀਨੀ ਬਣਾਉਣ ਬਾਰੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ, ਦਿਸ਼ਾ-ਨਿਰਦੇਸ਼ ਜਾਰੀ ਕੀਤੇ ਨੇ। ਮੰਤਰਾਲੇ ਨੇ ਕਿਹਾ ਕਿ ਸਰਕਾਰੀ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਵਿਸ਼ੇਸ਼ ਸਕੂਲਾਂ ਵਿੱਚ ਪੜ੍ਹ ਰਹੇ ਵਿਸ਼ੇਸ਼ ਜਰੂਰਤਾਂ ਵਾਲੇ ਸਾਰੇ ਬੱਚਿਆਂ ਨੂੰ, ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਦਿੱਤਾ ਜਾਵੇ। ਇਨ੍ਹਾਂ ਵਿੱਚ ਪ੍ਰਧਾਨ ਮੰਤਰੀ ਪੋਸ਼ਣ ਯੋਜਨਾ ਦੇ ਤਹਿਤ ਮੁਫਤ ਵਰਦੀ, ਪਾਠ ਪੁਸਤਕਾਂ ਅਤੇ ਮਿਡ-ਡੇ-ਮੀਲ ਸ਼ਾਮਲ ਨੇ।

---------------------------------------------------------

21 ਜੂਨ ਨੂੰ 10ਵੇਂ ਅੰਤਰਰਾਸ਼ਟਰੀ ਯੋਗ ਦਿਵਸ ਤੋਂ ਪਹਿਲਾਂ, ਪ੍ਰਧਾਨ

ਮੰਤਰੀ ਨਰੇਂਦਰ ਮੋਦੀ ਨੇ ਅੱਜ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ, ਤ੍ਰਿਕੋਣ ਆਸਨ ਦੀ ਇੱਕ ਵੀਡੀਓ ਕਲਿੱਪ ਸਾਂਝੀ ਕੀਤੀ ਏ। ਕਲਿੱਪ ਵਿੱਚ ਸਿਹਤ ਫਾਇਦਿਆਂ ਦੇ ਨਾਲ-ਨਾਲ ਇਸ ਆਸਨ ਨੂੰ ਕਿਵੇਂ ਕਰਨਾ ਏ, ਇਸ ਬਾਰੇ ਵੀ ਦੱਸਿਆ ਗਿਆ ਏ। ਵੀਡੀਓ ਨੂੰ ਸਾਂਝਾ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਮੋਢਿਆਂ, ਪਿੱਠ ਅਤੇ ਇਕਾਗਰਤਾ ਵਿੱਚ ਸੁਧਾਰ ਲਈ, ਤ੍ਰਿਕੋਣ ਆਸਨ ਦਾ ਅਭਿਆਸ ਕਰਨ ਦੀ ਸਲਾਹ ਦਿੱਤੀ।

---------------------------------------------------------------

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸੀ.ਐਮ ਦੀ ਯੋਗਸ਼ਾਲਾ ਨੂੰ ਬਹੁਤ ਉਤਸ਼ਾਹ ਮਿਲਿਆ ਏ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਯੋਗ ਸੁਪਰਵਾਈਜ਼ਰ ਮਾਧਵੀ ਸਿੰਘ ਨੇ ਦੱਸਿਆ ਕਿ ਹੁਸ਼ਿਆਰਪੁਰ ਦੇ ਭਾਗ ਸਿੰਘ ਨਗਰ ਵਿਚ ਰੋਜ਼ਾਨਾ ਸ਼ਾਮ ਪੌਣੇ 4 ਵਜੇ ਤੋਂ ਪੌਣੇ 5 ਵਜੇ ਤੱਕ ਯੋਗ ਦੀਆਂ ਕਲਾਸਾਂ ਲਗਾਈਆਂ ਜਾ ਰਹੀਆਂ ਨੇ। ਓਧਰ ਲੁਧਿਆਣਾ ਵਿਖੇ ਵੀ ਇਸ ਪਹਿਲਕਦਮੀ ਤਹਿਤ ਲਗਭਗ 185 ਯੋਗਾ ਕਲਾਸਾਂ ਵੱਖ-ਵੱਖ ਥਾਵਾਂ 'ਤੇ ਮੁਫਤ ਸਿਖਲਾਈ ਦੇ ਰਹੀਆਂ ਨੇ। ਇਸ ਸਮੇਂ ਲੁਧਿਆਣਾ ਸ਼ਹਿਰ, ਖੰਨਾ, ਜਗਰਾਉਂ, ਮਲੌਦ, ਸਮਰਾਲਾ, ਸੁਧਾਰ, ਸਿੱਧਵਾਂ

ਬੇਟ, ਮਾਛੀਵਾੜਾ, ਦਾਖਾ ਅਤੇ ਪਾਇਲ ਦੇ ਵੱਖ-ਵੱਖ ਖੇਤਰਾਂ ਵਿੱਚ ਚੱਲ ਰਹੀਆਂ ਨੇ, ਜਿੱਥੇ 35 ਯੋਗਾ ਇੰਸਟ੍ਰਕਟਰ ਸਿਖਲਾਈ ਦੇ ਰਹੇ ਨੇ।

--------------------------------------------------------

ਪੰਜਾਬ ਵਿਚ ਪਿਛਲੇ ਕਈ ਦਿਨਾਂ ਤੋਂ ਕਹਿਰ ਢਾ ਰਹੀ ਝੁਲਸਾ ਦੇਣ ਵਾਲੀ ਗਰਮੀ ਹਾਲੇ ਵੀ ਜਾਰੀ ਏ। ਸੂਬੇ ਵਿਚ ਵਗਦੀ ਲੂ ਦੇ ਥਪੇੜੇ ਹਰ ਕਿਸੇ ਨੂੰ ਪਰੇਸ਼ਾਨ ਕਰ ਰਹੀ ਏ ਅਤੇ ਆਮ ਜਨਜੀਵਨ ਬੁਰੀ ਤਰਾਂ ਨਾਲ ਪ੍ਰਭਾਵਤ ਹੋਇਆ ਏ। ਅੱਤ ਗਰਮੀ ਤੇ ਲੂ ਦੇ ਇਸ ਗੰਭੀਰ ਹਾਲਾਤ ਨੂੰ ਵੇਖਦਿਆਂ, ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਲੋਕਾਂ ਨੂੰ ਪੂਰੀ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਏ, ਕਿ ਸਿੱਧੀ ਧੁੱਪ ਵਿਚ ਬਾਹਰ ਨਿਕਲਣ ਤੋਂ ਬਚੋ, ਛਾਂ ਵਿੱਚ ਰਹੋ। ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤਕ ਬਾਹਰ ਜਾਣ ਤੋਂ ਪਰਹੇਜ ਕਰੋ।ਜਰੂਰੀ ਮਿਕਦਾਰ ਵਿਚ ਪਾਣੀ ਪਿਓ। ਜੇਕਰ ਕਿਸੇ ਨੂੰ ਲੂ ਲੱਗੀ ਹੋਵੇ ਤਾਂ ਉਸਨੂੰ ਆਈਸ-ਪੈਕ ਤੇ ਠੰਡੇ ਪਾਣੀ ਨਾਲ ਠੰਡਾ ਕਰੋ ਅਤੇ ਤੁਰੰਤ ਹਸਪਤਾਲ ਲੈਕੇ ਜਾਓ, ਘਰ ਵਿੱਚ ਨਮਕ ਤੇ ਖੰਡ ਵਾਲੇ ਪਾਣੀ ਦਾ ਘੋਲ ਇਲਕਟ੍ਰੋ ਲਾਇਟ੍ਸ ਰੱਖੋ। ਬੱਚਿਆਂ ਤੇ ਬਜ਼ੁਰਗਾਂ ਨੂੰ ਲੂ ਲੱਗਣ ਦਾ ਖਤਰਾ ਵਧੇਰੇ ਹੁੰਦਾ ਏ ਇਸ ਲਈ ਇਨਾਂ

ਦਾ ਖਾਸ ਧਿਆਨ ਰੱਖੋ। ਬੱਚਿਆਂ ਨੂੰ ਲੂ ਤੋਂ ਬਚਾਉਣ ਲਈ ਹਮੇਸ਼ਾ ਆਪਣੇ ਨਾਲ ਪਾਣੀ ਦੀ ਬੋਤਲ ਰੱਖੋ, ਨੀਮਬੂ ਪਾਣੀ, ਲੱਸੀ, ਨਾਰਿਯਲ ਪਾਣੀ ਅਤੇ ਤਾਜੇ ਫਲਾਂ ਦੇ ਜੂਸ ਦੀ ਲਗਾਤਾਰ ਵਰਤੋਂ ਕਰੋ। ਹਲਕੇ ਰੰਗ ਦੇ ਢਿਲੇ ਸੂਤੀ ਕੱਪੜੇ ਪਹਿਨੋ, ਗਰਮੀ ਦੇ ਮੌਸਮ ਵਿਚ ਜੰਕ ਫ਼ੂਡ ਦੀ ਵਰਤੋਂ ਨਾ ਕਰੋ, ਜੇ ਕਰ ਬੱਚਿਆਂ ਨੂੰ ਚੱਕਰ ਆਵੇ, ਉਲਟੀ, ਘਬਰਾਹਟ ਜਾਂ ਤੇਜ ਸਿਰ ਪੀੜ ਹੋਵੇ, ਛਾਤੀ ਵਿਚ ਪੀੜ ਹੋਵੇ ਜਾਂ ਸਾਹ ਲੈਣ ਵਿਚ ਤਕਲੀਫ ਹੋ ਰਹੀ ਹੋਵੇ ਤਾਂ ਤੁਰੰਤ ਡਾਕਟਰ ਦੀ ਮਦਦ ਲਵੋ ਈ ਯਕੀਨਨ ਕੁਝ ਅਜਿਹੀਆਂ ਅਹਿਮ ਸਾਵਧਾਨੀਆਂ ਵਰਤ ਕੇ ਤੇਜ ਗਰਮੀ ਅਤੇ ਲੂ ਤੋਂ ਆਪਣਾ ਤੇ ਆਪਣੇ ਹੋਰ ਪਰਿਵਾਰਕ ਮੈਂਬਰਾਂ ਦਾ ਬਚਾਅ ਕੀਤਾ ਜਾ ਸਕਦਾ ਏ। ਮੌਸਮ ਵਿਭਾਗ ਨੇ ਦੇਸ਼ ਦੇ ਉੱਤਰ-ਪੱਛਮੀ, ਉੱਤਰੀ ਅਤੇ ਪੂਰਬੀ ਹਿੱਸਿਆਂ ਵਿੱਚ ਗਰਮੀ ਦਾ ਓਰੇਂਜ ਅਲਰਟ ਜਾਰੀ ਕੀਤਾ ਏ। ਅਗਲੇ ਤਿੰਨ ਤੋਂ ਚਾਰ ਦਿਨਾਂ ਤੱਕ, ਪੰਜਾਬ, ਹਰਿਆਣਾ, ਉੱਤਰ
ਪ੍ਰਦੇਸ਼, ਬਿਹਾਰ, ਝਾਰਖੰਡ, ਛੱਤੀਸਗੜ੍ਹ ਅਤੇ ਉੜੀਸਾ ਦੇ ਕੁਝ ਹਿੱਸਿਆਂ ਵਿੱਚ ਅੱਤ ਦੀ ਗਰਮੀ ਦੀ ਲਹਿਰ ਜਾਰੀ ਰਹੇਗੀ। ਵਿਭਾਗ ਦੇ

ਸੀਨੀਅਰ ਵਿਗਿਆਨੀ ਡਾ: ਆਰ.ਕੇ. ਜੇਨਾਮਨੀ ਨੇ ਆਕਾਸ਼ਵਾਣੀ ਨੂੰ ਦੱਸਿਆ ਕਿ ਆਉਣ ਵਾਲੇ ਦਿਨਾਂ ਦੌਰਾਨ ਇਨ੍ਹਾਂ ਇਲਾਕਿਆਂ 'ਚ ਔਸਤ ਤਾਪਮਾਨ 5 ਤੋਂ 6 ਡਿਗਰੀ ਸੈਲਸੀਅਸ ਵਧ ਸਕਦਾ ਏ।

----------------------------------------------------

ਪੰਜਾਬ ਸਰਕਾਰ ਆਉਣ ਵਾਲੀਆਂ ਪੀੜ੍ਹੀਆਂ ਦੀ ਭਲਾਈ ਵਾਸਤੇ ਵਾਤਾਵਰਨ ਦੀ ਰੱਖਿਆ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਏ ਤੇ ਇਸ ਮੰਤਵ ਲਈ ਜ਼ਮੀਨੀ ਪੱਧਰ 'ਤੇ ਕਦਮ ਚੁੱਕੇ ਜਾਣੇ ਚਾਹੀਦੇ ਨੇ। ਇਹ ਗੱਲ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਵਿਭਾਗ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਚੰਡੀਗੜ੍ਹ ਦੇ ਵਣ ਭਵਨ ਵਿਖੇ ਮੀਟਿੰਗ ਦੌਰਾਨ ਕਹੀ। ਮੰਤਰੀ ਨੇ ਕਿਹਾ ਕਿ 'ਵਣ ਮਿੱਤਰ' ਯੋਜਨਾ ਨੂੰ ਹੋਰ ਉਤਸ਼ਹਿਤ ਕੀਤਾ ਜਾਣਾ ਚਾਹੀਦਾ ਏ ਕਿਉਂਕਿ ਇਹ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਦੇ ਨਾਲ-ਨਾਲ ਬੂਟਿਆਂ ਦੀ ਸੁਰੱਖਿਆ ਅਤੇ ਸੰਭਾਲ ਵੀ ਯਕੀਨੀ ਬਣਾਉਂਦੀ ਏ। ਉਨ੍ਹਾਂ ਕਿਹਾ ਕਿ ਵਿਦਿਅਕ ਸੰਸਥਾਵਾਂ, ਪੇਂਡੂ ਡਿਸਪੈਂਸਰੀਆਂ, ਆਮ ਆਦਮੀ ਕਲੀਨਿਕਾਂ ਵਿੱਚ ਬੂਟੇ ਲਾਏ ਜਾਣੇ ਚਾਹੀਦੇ ਨੇ। ਫਗਵਾੜਾ-ਚੰਡੀਗੜ੍ਹ ਸੜਕ ਦੀ

ਸੁੰਦਰ ਦਿੱਖ 'ਤੇ ਤਸੱਲੀ ਪ੍ਰਗਟ ਕਰਦਿਆਂ ਮੰਤਰੀ ਨੇ ਲੁਧਿਆਣਾ-ਚੰਡੀਗੜ੍ਹ ਸੜਕ 'ਤੇ ਵੱਧ ਤੋਂ ਵੱਧ ਬੂਟੇ ਲਗਾਉਣ 'ਤੇ ਜ਼ੋਰ ਦਿੱਤਾ।

---------------------------------------------------------

ਲੁਧਿਆਣਾ ਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ 'ਵੇਕ ਅੱਪ ਲੁਧਿਆਣਾ - ਐਨ ਏਜੰਡਾ ਫਾਰ ਐਨਵਾਇਰਨਮੈਂਟ' ਪ੍ਰੋਜੈਕਟ ਤਹਿਤ, ਬੀਤੇ ਦਿਨੀਂ ਵੱਖ-ਵੱਖ ਵਿਭਾਗਾਂ ਅਤੇ ਗੈਰ ਸਰਕਾਰੀ ਸੰਗਠਨਾਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਜ਼ਿਲ੍ਹੇ ਵਿੱਚ ਵਾਤਾਵਰਣ ਦੀ ਸਥਿਰਤਾ ਖਾਸ ਤੌਰ 'ਤੇ ਹਰਿਆਲੀ ਨੂੰ ਵਧਾਉਣ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਡਿਪਟੀ ਕਮਿਸ਼ਨਰ ਨੇ 'ਗਰੀਨ ਹੈਕਾਥਨ' ਮੁਕਾਬਲੇ ਕਰਵਾਉਣ ਦਾ ਐਲਾਨ ਵੀ ਕੀਤਾ। ਉਨ੍ਹਾਂ ਜ਼ਿਲ੍ਹੇ ਦੇ ਜੰਗਲਾਤ ਰਕਬੇ ਨੂੰ ਵਧਾਉਣ ਲਈ ਆਉਂਦੇ ਮਾਨਸੂਨ ਸੀਜ਼ਨ ਵਿੱਚ 11 ਲੱਖ ਬੂਟੇ ਲਗਾਉਣ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ 'ਵੇਕ ਅੱਪ ਲੁਧਿਆਣਾ' ਦਾ ਮੁੱਖ ਟੀਚਾ ਹਰ ਨਾਗਰਿਕ, ਸਰਕਾਰੀ ਦਫ਼ਤਰ, ਵਿਦਿਅਕ ਅਦਾਰੇ, ਉਦਯੋਗ ਅਤੇ ਸਮਾਜਿਕ ਸੰਗਠਨਾਂ ਨੂੰ, ਲੁਧਿਆਣਾ ਨੂੰ ਹਰਾ-ਭਰਾ, ਸਥਿਰ ਅਤੇ ਜਲਵਾਯੂ ਅਨੁਕੂਲ ਸ਼ਹਿਰ ਵਿੱਚ ਤਬਦੀਲ ਕਰਨ ਬਾਰੇ ਮੁਹਿੰਮ ਵਿਚ

ਸ਼ਾਮਲ ਕਰਨਾ ਏ, ਜਿਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਿਹਤਮੰਦ ਅਤੇ ਉੱਜਵਲ ਭਵਿੱਖ ਨੂੰ ਯਕੀਨੀ ਬਣਾਇਆ ਜਾ ਸਕੇ ।

---------------------------------------------------------

ਮੋਗਾ ਦੇ ਪੁਲਿਸ ਨੇ ਫ਼ਤਿਹਗੜ੍ਹ ਪੰਜਤੂਰ ਵਾਸੀ ਨਸ਼ਾ ਤਸਕਰ ਗੁਰਦਿਆਲ ਸਿੰਘ ਉਰਫ ਡੱਲੂ ਨਾਲ ਸੰਬੰਧਤ 15 ਲੱਖ 73 ਹਜ਼ਾਰ 500 ਰੁਪਏ ਦੀ ਗੈਰ ਕਾਨੂੰਨੀ ਸੰਪਤੀ ਨੂੰ ਜ਼ਬਤ ਕੀਤਾ ਏ । SSP ਵਿਵੇਕ ਸ਼ੀਲ ਸੋਨੀ, ਨੇ ਦਸਿਆ ਕਈ ਇਹ ਸੰਪਤੀ ਗੈਰ ਕਾਨੂੰਨੀ ਨਸ਼ਾ ਤਸਕਰੀ ਗਤੀਵਿਧੀਆਂ ਰਾਹੀਂ ਹਾਸਲ ਕੀਤੀ ਗਈ ਸੀ, ਜਿਸਨੂੰ ਪੂਰੇ ਜਾਂਚ ਅਤੇ ਕਾਨੂੰਨੀ ਕਾਰਵਾਈ ਤੋਂ ਬਾਅਦ ਪੱਕਾ ਕੀਤਾ ਗਿਆ। ਉਹਨਾਂ ਦੱਸਿਆ ਕਿ ਜ਼ਬਤ ਕੀਤੀ ਸੰਪਤੀ ਵਿੱਚ ਦੁਮੰਜ਼ਿਲਾ ਘਰ ਸ਼ਾਮਿਲ ਏ । ਇਹ ਸੰਪਤੀਆ ਨਸ਼ੇ ਵਾਲੀਆਂ ਦਵਾਈਆਂ ਅਤੇ ਮਨੁੱਖੀ ਮਨੋਵਿਗਿਆਨਿਕ ਪਦਾਰਥ ਐਕਟ 1985 ਦੇ ਤਹਿਤ ਕਾਰਵਾਈ ਦੇ ਹਿੱਸੇ ਵਜੋਂ ਜ਼ਬਤ ਕੀਤੀਆਂ ਗਈਆਂ । ਗੁਰਦਿਆਲ ਸਿੰਘ ਨੂੰ ਦਸ ਸਾਲ ਦੀ ਕੈਦ ਅਤੇ ਇਕ ਲੱਖ ਜੁਰਮਾਨੇ ਦੀ ਸਜ਼ਾ ਦਿੱਤੀ ਗਈ ਏ ।

-------------------------------------------------------------

ਦਿਵਿਆ ਦੇਸ਼ਮੁਖ ਨੇ ਕੁੜੀਆਂ ਦੀ ਵਿਸ਼ਵ ਜੂਨੀਅਰ ਸ਼ਤਰੰਜ ਚੈਂਪੀਅਨਸ਼ਿਪ ਜਿੱਤ ਲਈ ਏ। ਗੁਜਰਾਤ ਵਿੱਚ ਫਾਈਨਲ ਰਾਊਂਡ ਵਿੱਚ ਦਿਵਿਆ ਨੇ ਬੁਲਗਾਰੀਆ ਦੀ ਬੇਲੋਸ-ਲਾਵਾ ਕ੍ਰਸਟੇਵਾ ਨੂੰ ਹਰਾਇਆ।